# ਪੰਜਾਬੀ ਯੂਨੀਵਰਸਿਟੀ, ਪਟਿਆਲਾ

## ਪੰਜਾਬੀ ਕੰਪਿਊਟਰ ਸਹਾਇਤਾ ਕੇਂਦਰ

ਪੰਜਾਬੀ ਯੂਨੀਵਰਸਿਟੀ, ਪਟਿਆਲਾ

ਵੱਲੋਂ

120 ਘੰਟਿਆਂ ਦਾ ਤਿਮਾਹੀ ਕੋਰਸ

**ਸਰਟੀਫਿਕੇਟ ਕੋਰਸ ਇਨ ਪੰਜਾਬੀ ਕੰਪਿਊਟਿੰਗ (CCPC)**

ਕੋਰਸ ਦੇ ਪਾਠਕ੍ਰਮ ਦੀ ਰੂਪ-ਰੇਖਾ

# ਆਰਡੀਨੈਂਸ

# ਸਰਟੀਫਿਕੇਟ ਕੋਰਸ ਇਨ ਪੰਜਾਬੀ ਕੰਪਿਊਟਿੰਗ (CCPC)

# ਕੋਰਸ ਦੀ ਰੂਪ-ਰੇਖਾ

1. **ਕੋਰਸ ਦਾ ਸਮਾ**: ਸਰਟੀਫਿਕੇਟ ਕੋਰਸ ਇਨ ਪੰਜਾਬੀ ਕੰਪਿਊਟਿੰਗ (CCPC) ਤਿੰਨ ਮਹੀਨਿਆਂ ਦਾ ਹੋਵੇਗਾ। ਇਹ ਕੋਰਸ ਸਾਲ 'ਚ ਦੋ ਵਾਰ (ਅਗਸਤ ਅਤੇ ਜਨਵਰੀ) ਚਲਾਇਆ ਜਾਵੇਗਾ। ਕੋਰਸ ਦੀਆਂ ਕਲਾਸਾਂ ਦਾ ਸਮਾ ਸ਼ਾਮੀ 3 ਤੋਂ 5 ਵਜੇ ਤੱਕ ਹੋਵੇਗਾ।
2. **ਦਾਖ਼ਲੇ ਲਈ ਯੋਗਤਾ**: ਉਮੀਦਵਾਰ ਪੰਜਾਬ ਸਕੂਲ ਸਿੱਖਿਆ ਬੋਰਡ ਜਾਂ ਕਿਸੇ ਮਾਨਤਾ ਪ੍ਰਾਪਤ ਬੋਰਡ/ਯੂਨੀਵਰਸਿਟੀ ਤੋਂ 10+2 ਜਾਂ ਬਰਾਬਰ ਦੀ ਪ੍ਰੀਖਿਆ ਪਾਸ ਹੋਵੇ ਤੇ ਉਸ ਨੇ ਮੈਟ੍ਰਿਕ ਪੱਧਰ ਤੱਕ ਪੰਜਾਬੀ ਪਾਸ ਕੀਤੀ ਹੋਵੇ।
3. **ਮੈਰਿਟ**: ਦਾਖਲਾ 10+2 ਦੀ ਮੈਰਿਟ ਦੇ ਅਧਾਰ 'ਤੇ ਹੋਵੇਗਾ
4. **ਮਾਧਿਅਮ**: ਹਦਾਇਤਾਂ/ਹਦਾਇਤ ਸਮਗਰੀ ਅਤੇ ਪ੍ਰੀਖਿਆ ਦਾ ਮਾਧਿਅਮ ਕੇਵਲ ਪੰਜਾਬੀ (ਗੁਰਮੁਖੀ) ਹੀ ਹੋਵੇਗਾ।
5. **ਪਾਸ ਅੰਕ**: ਪਾਸ ਹੋਣ ਲਈ ਬਾਹਰੀ ਪ੍ਰੀਖਿਆ ਅਤੇ ਅੰਦਰੂਨੀ ਪ੍ਰੀਖਿਆ ਵਿਚੋਂ ਵੱਖਰੇ ਵੱਖਰੇ 35% ਅੰਕ ਲੋੜੀਂਦੇ ਹੋਣਗੇ।
6. **ਪ੍ਰੀਖਿਆ ਲਈ ਮੌਕੇ**
   i. ਜੇ ਵਿਦਿਆਰਥੀ ਇੱਕ ਜਾਂ ਦੋ ਪੇਪਰਾਂ 'ਚ ਫ਼ੇਲ੍ਹ ਹੋ ਜਾਂਦਾ ਹੈ ਤਾਂ ਉਹ ਦੁਬਾਰਾ ਇਮਤਿਹਾਨ 'ਚ ਬੈਠ ਸਕਦਾ ਹੈ ਪਰ ਪੇਪਰ ਪਾਸ ਕਰਨ ਲਈ ਵਿਦਿਆਰਥੀ ਨੂੰ ਸਿਰਫ਼ ਇੱਕ ਮੌਕਾ ਹੀ ਹੋਰ ਮਿਲੇਗਾ। ਇੱਕ ਵਾਧੂ ਮੌਕੇ 'ਚ ਪ੍ਰੀਖਿਆ 'ਚ ਸਫਲ ਨਾ ਹੋਣ ਦੀ ਸੂਰਤ 'ਚ ਵਿਦਿਆਰਥੀ ਨੂੰ 'ਫ਼ੇਲ੍ਹ' ਘੋਸ਼ਿਤ ਕੀਤਾ ਜਾਵੇਗਾ।
   ii. ਜੇਕਰ ਵਿਦਿਆਰਥੀ ਤਿੰਨੋਂ ਅਰਥਾਤ ਸਾਰੇ ਪੇਪਰਾਂ 'ਚੋਂ ਫ਼ੇਲ੍ਹ ਹੋ ਜਾਵੇ ਤਾਂ ਉਸ ਨੂੰ 'ਫ਼ੇਲ੍ਹ' ਮੰਨਿਆ ਜਾਵੇਗਾ।
7. **ਰਿਆਇਤੀ ਅੰਕ**: 'ਅਵਾਰਡ ਆਫ਼ ਗਰੇਸ ਮਾਰਕਸ' ਆਰਡੀਨੈਂਸ/ਯੂਨੀਵਰਸਿਟੀ ਨਿਯਮਾਂ ਅਨੁਸਾਰ ਉਮੀਦਵਾਰ ਨੂੰ ਰਿਆਇਤੀ ਅੰਕ ਦਿੱਤੇ ਜਾ ਸਕਣਗੇ।
8. **ਹਾਜ਼ਰੀਆਂ**: ਹਰੇਕ ਪੇਪਰ/ਵਿਸ਼ੇ ਦੇ ਲੱਗੇ ਕੁੱਲ ਲੈਕਚਰਾਂ 'ਚੋਂ 75% ਹਾਜ਼ਰੀਆਂ ਲਾਜ਼ਮੀ ਹੋਣਗੀਆਂ। ਹਾਜ਼ਰੀਆਂ ਘੱਟ ਹੋਣ ਦੀ ਸੂਰਤ 'ਚ ਯੂਨੀਵਰਸਿਟੀ ਨਿਯਮਾਂ ਅਨੁਸਾਰ ਕਾਰਵਾਈ ਹੋਵੇਗੀ।
9. **ਅੰਕ ਦਰਜਾ ਵੰਡ**: ਯੂਨੀਵਰਸਿਟੀ ਵੱਲੋਂ ਨਿਰਧਾਰਿਤ ਅੰਕ/ਪ੍ਰਤੀਸ਼ਤ ਬਿਊਰਾ ਜਾਂ ਅੰਕ ਗਰੇਡ ਪ੍ਰਣਾਲੀ ਲਾਗੂ ਹੋਵੇਗੀ।

10. **ਪ੍ਰੀਖਿਆ: ਪ੍ਰੀਖਿਆ ਲੈਣ ਅਤੇ ਉਸ ਦੇ ਮੁਲਾਂਕਣ ਦੀ ਜਿੰਮੇਵਾਰੀ** ਕੇਂਦਰ ਦੀ ਹੋਵੇਗੀ। ਕੇਂਦਰ ਵੱਖ-ਵੱਖ ਪੇਪਰਾਂ ਦੀ ਅੰਕ-ਸੂਚੀ ਪ੍ਰੀਖਿਆ ਸ਼ਾਖਾ ਨੂੰ ਭੇਜੇਗਾ। ਇਸ ਸਬੰਧ ਵਿਚ ਡੀਐੱਮਸੀ (DMC) ਪ੍ਰੀਖਿਆ ਸ਼ਾਖਾ ਜਾਰੀ ਕਰੇਗੀ। ਪ੍ਰੀਖਿਆ ਕੇਂਦਰ ਵੱਲੋਂ ਜਾਰੀ ਡੇਟਸ਼ੀਟ ਦੇ ਆਧਾਰ 'ਤੇ ਲਈ ਜਾਵੇਗੀ। ਪ੍ਰੀਖਿਆਰਥੀ ਨੂੰ ਵੱਖਰਾ ਪ੍ਰੀਖਿਆ ਫਾਰਮ/ਫੀਸ ਭਰਨ ਦੀ ਲੋੜ ਨਹੀਂ ਹੋਵੇਗੀ।

11. **ਦਾਖਲਾ ਫਾਰਮ**

    i. **ਅਗਸਤ ਵਾਲੇ** ਬੈਚ ਲਈ ਦਾਖਲਾ (ਯੂਨੀਵਰਸਿਟੀ ਦੇ ਬਾਕੀ ਕੋਰਸਾਂ ਵਾਂਗ) ਆਨ-ਲਾਈਨ ਪ੍ਰਾਪਤ ਹੋਈਆਂ ਅਰਜ਼ੀਆਂ ਦੇ ਆਧਾਰ 'ਤੇ ਕੀਤਾ ਜਾਵੇਗਾ।

    ii. **ਜਨਵਰੀ ਵਾਲੇ** ਬੈਚ ਲਈ ਦਾਖਲਾ ਕੇਂਦਰ ਵੱਲੋਂ ਜਾਰੀ ਵੱਖਰੇ ਦਾਖਲਾ ਫਾਰਮ ਦੇ ਆਧਾਰ 'ਤੇ ਹੋਵੇਗਾ।

12. **ਰੂਪ-ਰੇਖਾ 'ਚ ਤਬਦੀਲੀ/ਸੋਧ:** ਕੋਰਸ ਦੀ ਰੂਪ-ਰੇਖਾ 'ਚ ਤਬਦੀਲੀ/ਸੋਧ ਅਕਾਦਮਿਕ ਕਾਊਂਸਲ ਦੇ ਨਿਰਦੇਸ਼ਾਂ ਅਨੁਸਾਰ ਕਿਸੇ ਵੀ ਸਮੇਂ ਕੀਤੀ ਜਾ ਸਕਦੀ ਹੈ।

13. **ਛੋਟਾ ਕੋਰਸ:** ਇਹ ਕੋਰਸ 'ਛੋਟੇ ਕੋਰਸ' (Minor Course) ਵਜੋਂ ਜਾਣਿਆ ਜਾਵੇਗਾ।

14. **ਰਿਸੋਰਸ ਪਰਸਨ:** ਸਾਲ ਵਿਚ (ਦੋਹਾਂ ਬੈਚਾਂ ਲਈ) ਵੱਧ ਤੋਂ ਵੱਧ 20 ਲੈਕਚਰ ਕੇਂਦਰ ਤੋਂ ਬਾਹਰਲੇ ਕੰਪਿਊਟਰ ਮਾਹਿਰਾਂ ਤੋਂ ਕਰਵਾਏ ਜਾ ਸਕਦੇ ਹਨ। ਲੈਕਚਰਾਂ ਦੇ ਮਿਹਨਤਾਨੇ ਦੀ ਅਦਾਇਗੀ ਯੂਨੀਵਰਸਿਟੀ ਦੇ ਨਿਯਮਾਂ ਅਨੁਸਾਰ ਕੀਤੀ ਜਾਵੇਗੀ।

ਪੰਜਾਬੀ ਕੰਪਿਊਟਰ ਸਹਾਇਤਾ ਕੇਂਦਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਸਰਟੀਫਿਕੇਟ ਕੋਰਸ ਇਨ ਪੰਜਾਬੀ ਕੰਪਿਊਟਿੰਗ

## ਪ੍ਰੀਖਿਆ (ਸਾਲ 2016-17, 2017-18, ਅਤੇ 2018-19)

**ਕੁੱਲ ਅੰਕ: 300** **ਕੁੱਲ ਪੜ੍ਹਾਈ ਘੰਟੇ: 120**

### ਵਿਸ਼ਾ-ਵਾਰ ਅੰਕ

| ਪੇਪਰ | ਵਿਸ਼ਾ | ਅੰਦਰੂਨੀ ਮੁਲਾਂਕਣ | ਬਾਹਰੀ ਪ੍ਰੀਖਿਆ | | ਪਾਸ ਅੰਕ | ਕੁੱਲ ਅੰਕ |
|---|---|---|---|---|---|---|
| | | | ਲਿਖਤੀ | ਪ੍ਰਯੋਗੀ | | |
| CCPC-1 | ਪੰਜਾਬੀ ਕੰਪਿਊਟਰ | 20 | 40 | 40 | 35 | 100 |
| CCPC-2 | ਇੰਟਰਨੈੱਟ ਅਤੇ ਵੈੱਬ ਤਕਨਾਲੋਜੀ | 20 | 40 | 40 | 35 | 100 |
| CCPC-3 | ਵਿੰਡੋਜ਼ ਅਤੇ ਐੱਮਐੱਸ ਆਫਿਸ | 20 | 40 | 40 | 35 | 100 |

### ਅੰਕ ਵੰਡ

| ਅੰਕ/ਮੁਲਾਂਕਣ | ਅੰਕ ਵੰਡ | | | ਕੁੱਲ |
|---|---|---|---|---|
| **ਅੰਦਰੂਨੀ ਮੁਲਾਂਕਣ ਵੰਡ** | ਹਾਜ਼ਰੀਆਂ 5 | ਰਿਕਾਰਡ/ ਅਸਾਈਨਮੈਂਟ 5 | ਟੈਸਟ/ਪ੍ਰੋਜੈੱਕਟ 10 | **20** |
| **ਬਾਹਰੀ ਲਿਖਤੀ ਪ੍ਰੀਖਿਆ ਅੰਕ ਵੰਡ** | ਭਾਗ ਪਹਿਲਾ 10 | ਭਾਗ ਦੂਜਾ 10 | ਭਾਗ ਤੀਜਾ 20 | **40** |
| **ਬਾਹਰੀ ਪ੍ਰਯੋਗੀ ਪ੍ਰੀਖਿਆ ਅੰਕ ਵੰਡ** | ਰਿਕਾਰਡ/ ਅਸਾਈਨਮੈਂਟ 10 | ਜ਼ੁਬਾਨੀ ਪ੍ਰੀਖਿਆ 10 | ਸਮੱਸਿਆ ਹੱਲ ਅਤੇ ਪਾਲਨ/ਪ੍ਰੈਕਟੀਕਲ ਪ੍ਰੀਖਿਆ 20 | **40** |

- ਕੁੱਲ ਸਪਤਾਹਿਕ ਪੜ੍ਹਾਈ ਘੰਟੇ: ਸਾਢੇ 12
- ਲਿਖਤੀ ਤੇ ਪ੍ਰਯੋਗੀ ਪ੍ਰੀਖਿਆ ਦੀ ਅਵਧੀ: 2-2 ਘੰਟੇ

# CCPC-1 : ਪੰਜਾਬੀ ਕੰਪਿਊਟਰ

ਕੁੱਲ ਅੰਕ: 40 ਕੁੱਲ ਲੈਕਚਰ: 40

ਘੱਟੋ-ਘੱਟ ਪਾਸ ਅੰਕ: 35% ਸਮਾ: 2 ਘੰਟੇ

## ਪੇਪਰ ਤਿਆਰ ਕਰਤਾ ਲਈ ਹਦਾਇਤਾਂ

ਪ੍ਰਸ਼ਨ ਪੱਤਰ ਦੇ ਤਿੰਨ ਭਾਗ ਹੋਣਗੇ। ਪਹਿਲੇ ਭਾਗ 'ਚ 1-1 ਅੰਕ ਦੇ 10 ਸਵਾਲ ਹੋਣਗੇ। ਦੂਜੇ ਭਾਗ 'ਚ 5-5 ਅੰਕਾਂ ਦੇ 4 ਸਵਾਲ ਪੁੱਛੇ ਜਾਣਗੇ ਜਿਨ੍ਹਾਂ 'ਚੋਂ ਪ੍ਰੀਖਿਆਰਥੀ ਕੁੱਲ 2 ਸਵਾਲ ਹੱਲ ਕਰੇਗਾ। ਤੀਜੇ ਭਾਗ 'ਚ 4 ਸਵਾਲ ਪੁੱਛੇ ਜਾਣਗੇ ਜਿਨ੍ਹਾਂ 'ਚੋਂ 2 ਸਵਾਲ ਹੱਲ ਕਰਨੇ ਹੋਣਗੇ ਤੇ ਹਰੇਕ ਦੇ 10-10 ਅੰਕ ਹੋਣਗੇ।

## ਪ੍ਰੀਖਿਆਰਥੀਆਂ ਲਈ ਹਦਾਇਤਾਂ

ਪ੍ਰੀਖਿਆਰਥੀ ਪਹਿਲੇ ਭਾਗ ਦੇ ਸਾਰੇ ਸਵਾਲ ਹੱਲ ਕਰੇਗਾ। ਦੂਜੇ ਅਤੇ ਤੀਜੇ ਭਾਗ 'ਚੋਂ 4-4 ਸਵਾਲ ਹੋਣਗੇ ਪਰ ਇਨ੍ਹਾਂ 'ਚੋਂ ਅੰਦਰੂਨੀ ਚੋਣ ਦਾ ਵਿਕਲਪ ਹੋਵੇਗਾ ਤੇ ਸਿਰਫ 2-2 ਸਵਾਲ ਹੀ ਹੱਲ ਕਰਨੇ ਹੋਣਗੇ।

### ਭਾਗ- ੳ

***ਕੰਪਿਊਟਰ ਬਾਰੇ ਜਾਣ-ਪਛਾਣ:*** ਕੰਪਿਊਟਰ: ਨਾਮਕਰਣ, ਕਾਰਜ-ਵਿਧੀ, ਵਿਸ਼ੇਸ਼ਤਾਵਾਂ, ਕਿਸਮਾਂ; ਇਨਪੁਟ ਭਾਗ: ਕੀ-ਬੋਰਡ, ਮਾਊਸ, ਸਕੈਨਰ, ਟੱਚ ਸਕਰੀਨ, ਵੈੱਬ ਕੈਮ; ਆਉਟਪੁਟ ਭਾਗ: ਮੋਨੀਟਰ, ਸਪੀਕਰ, ਪ੍ਰਿੰਟਰ, ਐੱਲਸੀਡੀ ਪ੍ਰੋਜੈਕਟਰ; ਸਟੋਰੇਜ ਭਾਗ: ਹਾਰਡ ਡਿਸਕ, ਸੀਡੀ/ਡੀਵੀਡੀ, ਪੈੱਨ ਡਰਾਈਵ, ਮੈਮਰੀ ਕਾਰਡ; ਹਾਰਡਵੇਅਰ ਅਤੇ ਸਾਫ਼ਟਵੇਅਰ; ***ਪੰਜਾਬੀ ਫੌਂਟ, ਕੀ-ਬੋਰਡ ਅਤੇ ਟਾਈਪਿੰਗ:*** ਪੰਜਾਬੀ ਫੌਂਟ: ਪਰਿਭਾਸ਼ਾ, ਕਿਸਮਾਂ, ਫੌਂਟ ਇੰਸਟਾਲ ਕਰਕੇ ਵਰਤਣੇ, ਵੱਖ-ਵੱਖ ਫੌਂਟਾਂ ਵਿਚ ਭਿੰਨਤਾਵਾਂ ਅਤੇ ਇਨ੍ਹਾਂ ਕਾਰਨ ਪੈਦਾ ਹੋਈਆਂ ਸਮੱਸਿਆਵਾਂ; ਪੰਜਾਬੀ ਕੀ-ਬੋਰਡ/ਲੇਆਊਟ: ਫੋਨੈਟਿਕ, ਇਨਸਕਰਿਪਟ ਅਤੇ ਰਮਿੰਗਟਨ; ਰੋਮਨ ਅੱਖਰੀ ਵਿਧੀ; ਐੱਮਐੱਸ ਵਰਡ 'ਚ ਪੰਜਾਬੀ ਟਾਈਪਿੰਗ: ਪੰਜਾਬੀ ਲਿਖਤ 'ਚ ਵਿਸ਼ੇਸ਼ ਚਿੰਨ੍ਹ ਪਾਉਣਾ, ਫੁੱਟ-ਨੋਟ ਲਗਾਉਣੇ, ਫੌਂਟ ਬਦਲਣ ਦਾ ਕੀ-ਬੋਰਡ ਸ਼ਾਰਟਕੱਟ ਬਣਾਉਣਾ, ਸ਼ਬਦ ਦੇ ਪਹਿਲੇ ਅੱਖਰ ਦੇ ਬਦਲਣ ਦੀ ਸਮੱਸਿਆ ਨੂੰ ਹੱਲ ਕਰਨਾ, ਹੋੜਾ ਤੇ ਪੁੱਠੇ ਕੌਮੇ ਦੀ ਸਮੱਸਿਆ ਦਾ ਹੱਲ ਅਤੇ ਆਟੋ ਕਰੈਕਟ ਬਣਾਉਣਾ

### ਭਾਗ- ਅ

***ਯੂਨੀਕੋਡ ਪ੍ਰਣਾਲੀ:*** ਆਸਕੀ, ਇਸਕੀ ਅਤੇ ਯੂਨੀਕੋਡ ਬਾਰੇ ਜਾਣ-ਪਛਾਣ, ਯੂਨੀਕੋਡ ਦੀ ਲੋੜ, ਯੂਨੀਕੋਡ ਫੌਂਟ, ਕੀ-ਬੋਰਡ ਲੇਆਊਟ ਪ੍ਰੋਗਰਾਮ ਰਾਹੀਂ ਯੂਨੀਕੋਡ 'ਚ ਟਾਈਪ ਕਰਨਾ, ਯੂਨੀਕੋਡ ਦੀ ਵਰਤੋਂ ਦੇ ਲਾਭ; ***ਪੰਜਾਬੀ ਸਾਫ਼ਟਵੇਅਰ:*** ਪੰਜਾਬੀ ਯੂਨੀਕੋਡ ਫੌਂਟ ਕਨਵਰਟਰ, ਈਸ਼ਰ ਮਾਈਕਰੋਮੀਡੀਆ, ਪੰਜਾਬੀ ਵਰਡ ਪ੍ਰੋਸੈੱਸਰ 'ਅੱਖਰ': ਟਾਈਪਿੰਗ, ਫੌਂਟ ਕਨਵਰਟਰ, ਸਪੈੱਲ ਚੈੱਕਰ, ਗਰੈਮਰ ਚੈੱਕਰ, ਕੋਸ਼, ਲਿਪੀਅੰਤਰਨ, ਅਨੁਵਾਦ, ਓਸੀਆਰ ਆਦਿ

## ਹਵਾਲੇ


1. P.K. Sinha, 'Fundamentals of Computing', BPB Publication.
2. Sukhmeen Kaur, 'Fundamentals of Information Technology', Kalyani Publishers.
3. ਸੀ ਪੀ ਕੰਬੋਜ, 'ਕੰਪਿਊਟਰ ਵਿਗਿਆਨ', ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ
4. ਸੀ ਪੀ ਕੰਬੋਜ, 'ਪੰਜਾਬੀ ਭਾਸ਼ਾ ਦਾ ਕੰਪਿਊਟਰੀਕਰਨ', ਕੰਪਿਊਟਰ ਵਿਗਿਆਨ ਪ੍ਰਕਾਸ਼ਨ, ਫਾਜ਼ਿਲਕਾ

# CCPC-2 : ਇੰਟਰਨੈੱਟ ਅਤੇ ਵੈੱਬ ਤਕਨਾਲੋਜੀ

ਕੁੱਲ ਅੰਕ: 40 ਕੁੱਲ ਲੈਕਚਰ: 40

ਘੱਟੋ-ਘੱਟ ਪਾਸ ਅੰਕ: 35% ਸਮਾ: 2 ਘੰਟੇ

## ਪੇਪਰ ਤਿਆਰ ਕਰਤਾ ਲਈ ਹਦਾਇਤਾਂ

ਪ੍ਰਸ਼ਨ ਪੱਤਰ ਦੇ ਤਿੰਨ ਭਾਗ ਹੋਣਗੇ। ਪਹਿਲੇ ਭਾਗ 'ਚ 1-1 ਅੰਕ ਦੇ 10 ਸਵਾਲ ਹੋਣਗੇ। ਦੂਜੇ ਭਾਗ 'ਚ 5-5 ਅੰਕਾਂ ਦੇ 4 ਸਵਾਲ ਪੁੱਛੇ ਜਾਣਗੇ ਜਿਨ੍ਹਾਂ 'ਚੋਂ ਪ੍ਰੀਖਿਆਰਥੀ ਕੁੱਲ 2 ਸਵਾਲ ਹੱਲ ਕਰੇਗਾ। ਤੀਜੇ ਭਾਗ 'ਚ 4 ਸਵਾਲ ਪੁੱਛੇ ਜਾਣਗੇ ਜਿਨ੍ਹਾਂ 'ਚੋਂ 2 ਸਵਾਲ ਹੱਲ ਕਰਨੇ ਹੋਣਗੇ ਤੇ ਹਰੇਕ ਦੇ 10-10 ਅੰਕ ਹੋਣਗੇ।

## ਪ੍ਰੀਖਿਆਰਥੀਆਂ ਲਈ ਹਦਾਇਤਾਂ

ਪ੍ਰੀਖਿਆਰਥੀ ਪਹਿਲੇ ਭਾਗ ਦੇ ਸਾਰੇ ਸਵਾਲ ਹੱਲ ਕਰੇਗਾ। ਦੂਜੇ ਅਤੇ ਤੀਜੇ ਭਾਗ 'ਚੋਂ 4-4 ਸਵਾਲ ਹੋਣਗੇ ਪਰ ਇਨ੍ਹਾਂ 'ਚੋਂ ਅੰਦਰੂਨੀ ਚੋਣ ਦਾ ਵਿਕਲਪ ਹੋਵੇਗਾ ਤੇ ਸਿਰਫ 2-2 ਸਵਾਲ ਹੀ ਹੱਲ ਕਰਨੇ ਹੋਣਗੇ।

### ਭਾਗ- ੳ

***ਇੰਟਰਨੈੱਟ ਬਾਰੇ ਜਾਣ-ਪਛਾਣ:*** ਇਤਿਹਾਸ, ਵਰਤੋਂ, ਕਾਰਜ-ਵਿਧੀ, ਸਹੂਲਤਾਂ, ਇੰਟਰਨੈੱਟ ਨਾਲ ਜੁੜਨ ਲਈ ਲੋੜਾਂ, ਵੈੱਬਸਾਈਟ, ਵੈੱਬ ਸਰਫਿੰਗ, ਚੈਟਿੰਗ, ਯੂਆਰਐੱਲ, ਹਾਈਪਰ ਲਿੰਕ/ਹਾਈਪਰ ਟੈਕਸਟ, ਇੰਟਰਨੈੱਟ ਪ੍ਰੋਟੋਕਾਲ, ਈ-ਮੇਲ ਖਾਤਾ ਬਣਾਉਣਾ, ਪੰਜਾਬੀ (ਗੁਰਮੁਖੀ) 'ਚ ਈ-ਮੇਲ ਸੰਦੇਸ਼ ਤਿਆਰ ਕਰਨਾ, ਭੇਜਣਾ, ਪ੍ਰਾਪਤ ਕਰਨਾ/ਪੜ੍ਹਨਾ, ਰਿਪਲਾਈ ਕਰਨਾ, ਫਾਰਵਰਡ ਕਰਨਾ ਅਤੇ ਫਾਈਲ ਅਟੈਚ ਕਰਨਾ; ਸਰਚ ਇੰਜਣ 'ਤੇ ਪੰਜਾਬੀ 'ਚ ਸਰਚ ਕਰਨਾ

### ਭਾਗ- ਅ

***ਇੰਟਰਨੈੱਟ 'ਤੇ ਪੰਜਾਬੀ ਦੀ ਵਰਤੋਂ:*** ਆਨ-ਲਾਈਨ ਪੰਜਾਬੀ ਸਪੈੱਲ ਚੈੱਕਰ ਅਤੇ ਗਰੈਮਰ ਚੈੱਕਰ; ਅਧਿਐਨ/ਅਧਿਆਪਨ ਵੈੱਬਸਾਈਟਾਂ; ਆਨ-ਲਾਈਨ ਸ਼ਬਦ-ਕੋਸ਼; ਗੁਰਮੁਖੀ, ਸ਼ਾਹਮੁਖੀ, ਦੇਵਨਾਗਰੀ, ਰੋਮਨ ਦਰਮਿਆਨ ਲਿਪੀਅੰਤਰਣ; ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਦਰਮਿਆਨ ਅਨੁਵਾਦ; ਭਾਸ਼ਾ ਇੰਟਰਫੇਸ ਪੈਕ (LIP) ਅਤੇ ਓਸੀਆਰ ਦੀ ਵਰਤੋਂ; ***ਪੰਜਾਬੀ 'ਚ ਵੈੱਬਸਾਈਟ ਬਣਾਉਣਾ:*** ਐੱਚਟੀਐੱਮਐੱਲ ਬਾਰੇ ਜਾਣ-ਪਛਾਣ, ਟਾਈਟਲ, ਹੈੱਡ ਅਤੇ ਬਾਡੀ, ਆਮ ਵਰਤੋਂ ਵਾਲੇ ਟੈਗ, ਚਿੱਤਰ ਅਤੇ ਟੇਬਲ ਨਾਲ ਕੰਮ ਕਰਨਾ, ਹਾਈਪਰ ਲਿੰਕ ਦੇਣਾ, ਈ-ਮੇਲ ਲਿੰਕ, ਪੰਜਾਬੀ 'ਚ ਬਲੌਗ ਬਣਾਉਣਾ

## ਹਵਾਲੇ


1. P.K. Sinha, 'Fundamentals of Computing', BPB Publication.
2. Davinder Singh Minhas, 'HTML', Sterling Publishers Pvt.Ltd
3. ਸੀ ਪੀ ਕੰਬੋਜ, 'ਕੰਪਿਊਟਰ ਵਿਗਿਆਨ', ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ
4. ਸੀ ਪੀ ਕੰਬੋਜ, 'ਪੰਜਾਬੀ ਭਾਸ਼ਾ ਦਾ ਕੰਪਿਊਟਰੀਕਰਨ', ਕੰਪਿਊਟਰ ਵਿਗਿਆਨ ਪ੍ਰਕਾਸ਼ਨ, ਫਾਜ਼ਿਲਕਾ

# CCPC-3 ਵਿੰਡੋਜ਼ ਅਤੇ ਐੱਮਐੱਸ ਆਫ਼ਿਸ

ਕੁੱਲ ਅੰਕ: 40 ਕੁੱਲ ਲੈਕਚਰ: 40

ਘੱਟੋ-ਘੱਟ ਪਾਸ ਅੰਕ: 35% ਸਮਾ: 2 ਘੰਟੇ

**ਪੇਪਰ ਤਿਆਰ ਕਰਤਾ ਲਈ ਹਦਾਇਤਾਂ**

ਪ੍ਰਸ਼ਨ ਪੱਤਰ ਦੇ ਤਿੰਨ ਭਾਗ ਹੋਣਗੇ। ਪਹਿਲੇ ਭਾਗ 'ਚ 1-1 ਅੰਕ ਦੇ 10 ਸਵਾਲ ਹੋਣਗੇ। ਦੂਜੇ ਭਾਗ 'ਚ 5-5 ਅੰਕਾਂ ਦੇ 4 ਸਵਾਲ ਪੁੱਛੇ ਜਾਣਗੇ ਜਿਨ੍ਹਾਂ 'ਚੋਂ ਪ੍ਰੀਖਿਆਰਥੀ ਕੁੱਲ 2 ਸਵਾਲ ਹੱਲ ਕਰੇਗਾ। ਤੀਜੇ ਭਾਗ 'ਚ 4 ਸਵਾਲ ਪੁੱਛੇ ਜਾਣਗੇ ਜਿਨ੍ਹਾਂ 'ਚੋਂ 2 ਸਵਾਲ ਹੱਲ ਕਰਨੇ ਹੋਣਗੇ ਤੇ ਹਰੇਕ ਦੇ 10-10 ਅੰਕ ਹੋਣਗੇ।

**ਪ੍ਰੀਖਿਆਰਥੀਆਂ ਲਈ ਹਦਾਇਤਾਂ**

ਪ੍ਰੀਖਿਆਰਥੀ ਪਹਿਲੇ ਭਾਗ ਦੇ ਸਾਰੇ ਸਵਾਲ ਹੱਲ ਕਰੇਗਾ। ਦੂਜੇ ਅਤੇ ਤੀਜੇ ਭਾਗ 'ਚੋਂ 4-4 ਸਵਾਲ ਹੋਣਗੇ ਪਰ ਇਨ੍ਹਾਂ 'ਚੋਂ ਅੰਦਰੂਨੀ ਚੋਣ ਦਾ ਵਿਕਲਪ ਹੋਵੇਗਾ ਤੇ ਸਿਰਫ 2-2 ਸਵਾਲ ਹੀ ਹੱਲ ਕਰਨੇ ਹੋਣਗੇ।

## ਭਾਗ- ੳ

***ਵਿੰਡੋਜ਼:*** ਓਪਰੇਟਿੰਗ ਸਿਸਟਮ, ਵਿੰਡੋਜ਼ ਵਾਲਾ ਕੰਪਿਊਟਰ ਸ਼ੁਰੂ ਕਰਨਾ ਅਤੇ ਬੰਦ ਕਰਨਾ, ਸਟਾਰਟ ਸਕਰੀਨ, ਡੈਸਕਟਾਪ, ਟਾਸਕ ਬਾਰ, ਰੀਸਾਈਕਲ ਬਿਨ, ਚਰਮਸ ਬਾਰ (Charms Bar), ਕੀ-ਬੋਰਡ ਸ਼ਾਰਟਕੱਟ, ਫਾਈਲ ਐਕਸਪਲੋਰਰ, ਕੰਪਿਊਟਰ ਦੀਆਂ ਵਿਸ਼ੇਸ਼ਤਾਵਾਂ (Properties) ਜਾਣਨਾ, ਕੰਟਰੋਲ ਪੈਨਲ (ਫੌਂਟ, ਰੀਜ਼ਨ, ਲੈਂਗੁਏਜ, ਯੂਜ਼ਰ ਅਕਾਊਂਟ, ਪ੍ਰੋਗਰਾਮ ਫ਼ੀਚਰ), ਬੈਕਗ੍ਰਾਊਂਡ ਬਦਲਣਾ, ਸਕਰੀਨ ਸੇਵਰ ਲਗਾਉਣਾ, ਨੋਟ ਪੈਡ, ਕਰੈਕਟਰ ਮੈਪ, ਕੈਲਕੂਲੇਟਰ, ਤਾਰੀਖ ਤੇ ਸਮਾ ਬਦਲਣਾ, ਫਾਈਲ/ਫੋਲਡਰ ਬਣਾਉਣਾ, ਕਾਪੀ ਕਰਨਾ ਅਤੇ ਥਾਂ-ਬਦਲੀ ਕਰਨਾ; ਪੈੱਨ ਡਰਾਈਵ, ਮੈਮਰੀ ਕਾਰਡ ਅਤੇ ਸੀਡੀ/ਡੀਵੀਡੀ ਦੀ ਵਰਤੋਂ; ***ਵਰਡ:*** ਵਰਡ ਪ੍ਰੋਸੈੱਸਰ ਤੇ ਇਸ ਦੀਆਂ ਵਿਸ਼ੇਸ਼ਤਾਵਾਂ, ਵਰਡ ਸ਼ੁਰੂ ਅਤੇ ਬੰਦ ਕਰਨਾ, ਵੱਖ-ਵੱਖ ਮੀਨੂ ਟੈਬ, ਰੀਬਨ, ਆਫਿਸ ਬਟਣ ਅਤੇ ਕੁਇੱਕ ਅਕਸੈੱਸ ਬਾਰ, ਕੀ-ਬੋਰਡ ਸ਼ਾਰਟਕੱਟ, ਟਾਈਪ ਕਰਨਾ, ਮੈਟਰ ਦੀ ਸੰਪਾਦਨਾ ਅਤੇ ਫੌਰਮੈਟਿੰਗ, ਪੰਨਾ ਵਿਵਸਥਾ ਅਤੇ ਛਪਾਈ, ਟੇਬਲ 'ਚ ਕੰਮ ਕਰਨਾ

## ਭਾਗ- ਅ

***ਪਬਲਿਸ਼ਰ:*** ਪਬਲਿਸ਼ਰ ਦੀਆਂ ਵਿਸ਼ੇਸ਼ਤਾਵਾਂ, ਵੱਖ-ਵੱਖ ਮੀਨੂ ਟੈਬ/ਰੀਬਨ 'ਚ ਕੰਮ ਕਰਨਾ, ਪੁਸਤਕ ਦਾ ਮਾਸਟਰ ਪੇਜ ਬਣਾਉਣਾ, ਪੰਨਾ ਨੰਬਰ, ਹੈੱਡਰ/ਫੂਟਰ, ਗਾਈਡ ਲਾਈਨ ਲਗਾਉਣਾ, ਟੈਕਸਟ ਬਕਸਾ ਦਾਖਲ ਕਰਨਾ ਤੇ ਉਸ ਦੇ ਕਾਲਮ ਬਣਾਉਣਾ, ਮੈਟਰ ਪਾਉਣਾ ਤੇ ਉਸ ਨੂੰ ਫੌਰਮੈਟ ਕਰਨਾ, ਡਰੌਪ ਕੈਪ ਲਗਾਉਣਾ, ਵਰਡ ਆਰਟ, ਵੱਖ-ਵੱਖ ਆਕ੍ਰਿਤੀਆਂ ਅਤੇ ਚਿੱਤਰਾਂ 'ਤੇ ਕੰਮ ਕਰਨਾ; ***ਪਾਵਰ ਪੌਆਂਇੰਟ ਅਤੇ ਐਕਸੇਲ:*** ਪਾਵਰ ਪੌਆਂਇੰਟ ਅਤੇ ਐਕਸੇਲ ਦੀਆਂ ਵਿਸ਼ੇਸ਼ਤਾਵਾਂ, ਵੱਖ-ਵੱਖ ਮੀਨੂ ਟੈਬ/ਰੀਬਨ, ਆਫਿਸ ਬਟਣ ਅਤੇ ਕੁਇੱਕ ਅਕਸੈੱਸ ਬਾਰ 'ਚ ਕੰਮ ਕਰਨਾ; *ਪਾਵਰ ਪੌਆਂਇੰਟ:* ਸਲਾਈਡ ਲੇਆਊਟ, ਡਿਜ਼ਾਈਨ/ਥੀਮ, ਬੈਕਗ੍ਰਾਊਂਡ ਰੰਗ; ਤਸਵੀਰਾਂ, ਕਲਿੱਪ/ਵਰਡ ਆਰਟ, ਆਕ੍ਰਿਤੀਆਂ ਆਦਿ 'ਚ ਕੰਮ ਕਰਨਾ; ਵੱਖ-ਵੱਖ ਵੀਊ ਅਤੇ ਸਲਾਈਡ ਸ਼ੋਅ; *ਐਕਸੇਲ:* ਸਪਰੈੱਡਸ਼ੀਟ, ਵਰਕਸ਼ੀਟ, ਐਕਸਲ ਸਕਰੀਨ, ਅੰਕੜਾ ਦਾਖਲਾ, ਸੰਪਾਦਨਾ ਤੇ ਫੌਰਮੈਟਿੰਗ, ਸਧਾਰਨ ਫੰਕਸ਼ਨ ਤੇ ਫਾਰਮੂਲਿਆਂ ਦੀ ਵਰਤੋਂ

**ਹਵਾਲੇ**


1. P.K. Sinha, 'Fundamentals of Computing', BPB Publication.
2. ਸੀ ਪੀ ਕੰਬੋਜ, 'ਕੰਪਿਊਟਰ ਵਿਗਿਆਨ', ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ
3. Office 2000 made easy - Alan Neibauer, Tata McGraw Hill.